# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।

**ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,ਫੇਜ਼-3ਬੀ1,ਐਸ.ਏ.ਐਸ ਨਗਰ।**

**(ਵੈਬਸਾਈਟ www.educationrecruitmentboard.com)**

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ ਡੀ.ਪੀ.ਈ 130, ਆਰਟ ਐਂਡ ਕਰਾਫਟ ਦੀਆਂ 100 ਆਸਾਮੀਆਂ ਅਤੇ ਹੋਮ ਸਾਇੰਸ ਦੀਆਂ 18 ਆਸਾਮੀਆਂ ਭਰਨ ਲਈ ਆਨ ਲਾਈਨ ਅਰਜ਼ੀਆਂ ਦੀ ਮੰਗ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 03-11-2014 ਤੱਕ ਕੀਤੀ ਗਈ ਸੀ। ਉਮੀਦਵਾਰਾਂ ਵਲੋਂ ਆਨ- ਲਾਈਨ ਭਰੇ ਡਾਟੇ ਅਨੁਸਾਰ ਵਿਭਾਗ ਵਲੋਂ ਹਾਇਰ ਮੈਰਿਟ ਵਾਲੇ ਉਮੀਦਵਾਰਾਂ ਨੂੰ ਮਿਤੀ 06-07-2015 ਤੋਂ ਮਿਤੀ 15-07-2015 ਤੱਕ ਅਤੇ ਮਿਤੀ 18-08-2015 ਨੂੰ ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ 3ਬੀ1, ਐਸ.ਏ.ਐਸ ਨਗਰ ਵਿਖੇ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿਤਾ ਸੀ ।ਉਪਰੋਕਤ ਆਸਾਮੀਆਂ ਵਿਚੋ ਕੇਵਲ **ਆਰਟ ਐਂਡ ਕਰਾਫਟ ਵਿਸ਼ੇ** ਦੇ ਉਕਤ ਮਿਤੀਆਂ ਦੌਰਾਨ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਦੌਰਾਨ ਗੈਰਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਨੂੰ ਅਤੇ ਵਿਭਾਗ ਦੀ ਵੈਬ-ਸਾਇਟ ਤੇ ਅੱਪਲੋਡ ਕੀਤੇ ਨਵੇਂ ਉਮੀਦਵਾਰਾਂ ਦੀ ਸੂਚੀ ਅਨੁਸਾਰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। **ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਕੰਪਿਊਟਰ ਵਿੱਚੋਂ ਡਾਊਨ ਲੋਡ ਕੀਤਾ ਰਜਿਸਟ੍ਰੇਸ਼ਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਹੇਠਾਂ ਦਰਸਾਈ ਗਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ**

**ਨੋਟ: -**

1. ਜਿਹੜੇ ਉਮੀਦਵਾਰ ਨੇ ਅੰਗਹੀਣ ਕੈਟਾਗਰੀ ਦੀ Visual ਜਾ Hearing ਸਬ-ਕੈਟਾਗਰੀ ਵਿਚ ਅਪਲਾਈ ਕੀਤਾ ਹੈ, ਪ੍ਰੰਤੂ ਉਹਨਾਂ ਉਮੀਦਵਾਰਾਂ ਦਾ ਨਾਮ ਵਿਭਾਗ ਦੀ ਪਾਈ ਗਈ ਲਿਸਟ ਵਿਚ ਸਾਮਿਲ ਨਹੀ ਹੈ, ਉਹਨਾਂ ਉਮੀਦਵਾਰਾਂ ਨੂੰ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਸੱਦਾ ਦਿਤਾ ਜਾਂਦਾ ਹੈ।
2. ਜਿਹੜੇ ਉਮੀਦਵਾਰ ਨੇ ਐਕਸ-ਸਰਵਿਸ ਮੈਨ (Self) ਕੈਟਾਗਰੀ ਵਿਚ ਅਪਲਾਈ ਕੀਤਾ ਹੈ, ਪ੍ਰੰਤੂ ਉਹਨਾਂ ਉਮੀਦਵਾਰਾਂ ਦਾ ਨਾਮ ਵਿਭਾਗ ਦੀ ਪਾਈ ਗਈ ਲਿਸਟ ਵਿਚ ਸਾਮਿਲ ਨਹੀ ਹੈ, ਉਹਨਾਂ ਉਮੀਦਵਾਰਾਂ ਨੂੰ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਸੱਦਾ ਦਿਤਾ ਜਾਂਦਾ ਹੈ।
3. ਜਿਹੜੇ ਉਮੀਦਵਾਰ ਨੇ ਸਪੋਰਟਸ ਕੈਟਾਗਰੀ ਵਿਚ ਅਪਲਾਈ ਕੀਤਾ ਹੈ, ਅਤੇ ਉਹਨਾਂ ਪਾਸ ਸਪੋਰਟਸ ਵਿਚ 'ਏ' ਜਾਂ 'ਬੀ' ਗਰੇਡ ਦਾ ਸਰਟੀਫਿਕੇਟ ਹਾਸਿਲ ਕੀਤਾ ਹੋਇਆ ਹੈ, ਪ੍ਰੰਤੂ ਉਹਨਾਂ ਉਮੀਦਵਾਰਾਂ ਦਾ ਨਾਮ ਵਿਭਾਗ ਦੀ ਪਾਈ ਗਈ ਲਿਸਟ ਵਿਚ ਸਾਮਿਲ ਨਹੀ ਹੈ, ਉਹਨਾਂ ਉਮੀਦਵਾਰਾਂ ਨੂੰ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਸੱਦਾ ਦਿਤਾ ਜਾਂਦਾ ਹੈ।

**ਸਕਰੂਟਨੀ ਲਈ ਸਡਿਊਲ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ | ਮਿਤੀ | ਵੇਰਵੇ |
|---|---|---|
| 1 | 02-06-2016 | 1. ਆਰਟ ਐਂਡ ਕਰਾਫਟ ਵਿਸ਼ੇ ਦੇ ਜਨਰਲ ਕੈਟਾਗਰੀ ਦੇ ਲੜੀ ਨੰ 1 ਤੋਂ 124 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>2. ਆਰਟ ਐਂਡ ਕਰਾਫਟ ਵਿਸ਼ੇ ਦੇ ਹੈਂਡੀਕੇਪ ਕੈਟਾਗਰੀ ਦੇ ਲੜੀ ਨੰ 1 ਤੋਂ 15 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>3. ਆਰਟ ਐਂਡ ਕਰਾਫਟ ਵਿਸ਼ੇ ਦੇ ਸਪੋਰਟਸ ਕੈਟਾਗਰੀ ਦੇ ਲੜੀ ਨੰ 1 ਤੋਂ 2 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ । |



ਕੁਲਵਿੰਦਰ ਕੌਰ 28/05/2016

| | | |
|---|---|---|
| | 03-06-2016 | 1. ਆਰਟ ਐਂਡ ਕਰਾਫਟ ਵਿਸ਼ੇ ਦੇ ਐਸ.ਸੀ (ਆਰ ਅਤੇ ਓ) ਕੈਟਾਗਰੀ ਦੇ ਲੜੀ ਨੰ 1 ਤੋਂ 48 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>2. ਆਰਟ ਐਂਡ ਕਰਾਫਟ ਵਿਸ਼ੇ ਦੇ ਐਸ.ਸੀ (ਐਮ ਅਤੇ ਬੀ) ਕੈਟਾਗਰੀ ਦੇ ਲੜੀ ਨੰ 1 ਤੋਂ 53 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>3. ਆਰਟ ਐਂਡ ਕਰਾਫਟ ਵਿਸ਼ੇ ਦੇ ਐਸ.ਸੀ (ਆਰ ਅਤੇ ਓ) ਐਕਸ ਸਰਵਿਸ ਮੈਨ ਕੈਟਾਗਰੀ ਦੇ ਲੜੀ ਨੰ 1 ਤੋਂ 11 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>4. ਆਰਟ ਐਂਡ ਕਰਾਫਟ ਵਿਸ਼ੇ ਦੇ ਐਸ.ਸੀ (ਐਮ ਅਤੇ ਬੀ) ਐਕਸ ਸਰਵਿਸ ਮੈਨ ਕੈਟਾਗਰੀ ਦੇ ਲੜੀ ਨੰ 1 ਤੋਂ 12 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>5. ਆਰਟ ਐਂਡ ਕਰਾਫਟ ਵਿਸ਼ੇ ਦੇ ਜਨਰਲ ਐਕਸ ਸਰਵਿਸ ਮੈਨ ਕੈਟਾਗਰੀ ਦੇ ਲੜੀ ਨੰ 1 ਤੋਂ 1 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>6. ਆਰਟ ਐਂਡ ਕਰਾਫਟ ਵਿਸ਼ੇ ਦੇ ਬੀ.ਸੀ. ਐਕਸ ਸਰਵਿਸ ਮੈਨ ਕੈਟਾਗਰੀ ਦੇ ਲੜੀ ਨੰ 1 ਤੋਂ 1 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ ।<br>7. ਆਰਟ ਐਂਡ ਕਰਾਫਟ ਵਿਸ਼ੇ ਦੇ ਬੀ.ਸੀ. ਕੈਟਾਗਰੀ ਦੇ ਲੜੀ ਨੰ 1 ਤੋਂ 38 ਤੱਕ ਦੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਲਿਸਟ ਅਨੁਸਾਰ । |

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜ਼ਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਉਮੀਦਵਾਰ ਦੁਆਰਾ ਖੁਦ ਤਸਦੀਕੀ ਫੋਟੋ ਕਾਪੀਆਂ ਲਈਆ ਜਾਣਗੀਆ। ਇਸ ਤੋ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. www.educationrecruitmentboard.com ਵੈਬ ਸਾਈਟ ਤੇ ਪੜਤਾਲ ਫਾਰਮ, ਸਵੈ- ਘੋਸਣਾ ਪੱਤਰ ਪਾ ਦਿੱਤਾ ਗਿਆ ਹੈ । ਪੜਤਾਲ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ। ਵਧੇਰੇ ਜਾਣਕਾਰੀ ਵਿਭਾਗ ਦੀ ਵੈਬ-ਸਾਇਟ ਤੇ ਉਪਲੱਬਧ ਹੈ।
6. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ / ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

28/05/2016

**ਸਹਾਇਕ ਡਾਇਰੈਕਟਰ,**
**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।**